# ਸਿੱਖ ਕਾਲੀਆਂ ਸੂਚੀਆਂ ਦਾ ਮਾਮਲਾ ਕੈਨੇਡਾ ਸਰਕਾਰ ਕੋਲ ਉਠਾਉਣਗੇ

ਸਰੀ-ਇੰਟਰਨੈਸ਼ਨਲ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਦੀ ਕੈਨੇਡਾ ਸਥਿਤ ਇਕਾਈ ਵੱਲੋਂ ਪਿਛਲੇ ਦਿਨੀਂ ਸਰੀ ਦੀ ਸਟਰਾਅ ਬੇਰੀ ਹਿੱਲ ਲਾਇਬਰੇਰੀ ਵਿਚ ਸਿੱਖਾਂ ਦੀਆਂ ਕਾਲੀਆਂ ਸੂਚੀਆਂ ਦੇ ਮਸਲੇ 'ਤੇ ਮੀਟਿੰਗ ਹੋਈ। ਇਸ ਸੰਸਥਾ ਦੇ ਪ੍ਰਬੰਧਕ ਹਰਕੀਰਤ ਸਿੰਘ ਅਨੁਸਾਰ ਇਸ ਵਰਗ ਵਿਚ ਬਹੁਤ ਸਾਰੇ ਉਹ ਲੋਕ ਵੀ ਹਨ, ਜਿਨ੍ਹਾਂ ਨੇ ਵਿਦੇਸ਼ਾਂ ਵਿਚ ਰਾਜਸੀ ਸ਼ਰਨ ਲੈਣ ਲਈ ਆਪਣੇ ਆਪ 'ਤੇ ਆਪ ਹੀ ਪੁਲਿਸ ਕੋਲੋਂ ਕੇਸ ਰਜਿਸਟਰ ਕਰਵਾਏ ਤਾਂ ਕਿ ਉਹ ਵਿਦੇਸ਼ਾਂ ਦੇ ਇਮੀਗਰੇਸ਼ਨ ਵਿਭਾਗ ਨੂੰ ਇਹ ਦੱਸ ਸਕਣ ਕਿ ਸਾਨੂੰ ਪੰਜਾਬ ਵਿਚ ਤਾਂ ਖ਼ਤਰਾ ਹੈ ਤੇ ਇਸ ਆਧਾਰ 'ਤੇ ਉਨ੍ਹਾਂ ਰਾਜਸੀ ਸ਼ਰਨ ਹਾਸਲ ਕੀਤੀ ਅਤੇ ਇਸ ਵਰਗ ਦੇ ਲੋਕ ਤਾਂ ਹੁਣ ਆਮ ਪੰਜਾਬ ਗੇੜਾ ਮਾਰ ਆਉਂਦੇ ਹਨ।

ਕਾਲੀ ਸੂਚੀ ਵਿਚ ਦੂਸਰਾ ਵਰਗ ਉਨ੍ਹਾਂ ਲੋਕਾਂ ਦਾ ਹੈ, ਜੋ 1984 ਤੋਂ ਪਹਿਲਾਂ ਪੰਜਾਬ ਤੋਂ ਬਾਹਰ ਆ ਗਏ, ਪਰ ਆਪ੍ਰੇਸ਼ਨ ਬਲਿਊ ਸਟਾਰ ਤੋਂ ਬਾਅਦ ਉਨ੍ਹਾਂ ਨੇ ਭਾਰਤ ਸਰਕਾਰ ਦੇ ਇਸ ਕਾਰੇ ਦੀ ਨਿਖੇਧੀ ਕੀਤੀ ਜਾਂ ਰੋਸ ਪ੍ਰਦਰਸ਼ਨਾਂ ਵਿਚ ਭਾਗ ਲਿਆ। ਇਨ੍ਹਾਂ 'ਤੇ ਭਾਰਤ ਵਿਚ ਕੋਈ ਵੀ ਕੇਸ ਨਹੀਂ ਸੀ, ਪਰ ਹੈਰਾਨੀ ਦੀ ਗੱਲ ਹੈ ਕਿ ਕੁਝ ਸਮੇਂ ਬਾਅਦ ਇਨ੍ਹਾਂ ਵਿਚਲੇ ਵੀ ਕਈ ਆਗੂਆਂ ਨੂੰ ਭਾਰਤ ਜਾਣ ਦਾ ਵੀਜ਼ਾ ਦੇ ਦਿੱਤਾ ਗਿਆ ਤੇ ਉਹ ਕਈ ਵਾਰ ਭਾਰਤ ਦਾ ਗੇੜਾ ਮਾਰ ਆਏ, ਪਰ ਹੁਣ ਅਚਾਨਕ ਫਿਰ ਉਨ੍ਹਾਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ।

ਮਿਸਾਲ ਦੇ ਤੌਰ 'ਤੇ ਸਰੀ ਦੇ ਅਖ਼ਬਾਰ ਪੰਜਾਬ ਗਾਰਡੀਅਨ ਦੇ ਐਡੀਟਰ ਹਰਕੀਰਤ ਸਿੰਘ, ਜਿਸ ਨੂੰ ਕਦੇ ਵੀ ਭਾਰਤ ਜਾਣ ਦੀ ਰੋਕ ਨਹੀਂ ਸੀ, ਪਰ ਹੁਣ ਅਚਾਨਕ 2008 ਵਿਚ ਉਸ ਨੂੰ ਦਿੱਲੀ ਹਵਾਈ ਅੱਡੇ ਤੋਂ ਵਾਪਸ ਭੇਜ ਦਿੱਤਾ ਗਿਆ, ਜਦੋਂਕਿ ਉਸ ਕੋਲ ਪੰਜ ਸਾਲ ਦਾ ਮਲਟੀਪਲ ਵੀਜ਼ਾ ਸੀ ਤੇ ਤਕਰੀਬਨ ਹਰ ਦੋ ਸਾਲ ਬਾਅਦ ਭਾਰਤ ਜਾਂਦਾ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਉਹ ਸੰਬੰਧਿਤ ਵਿਭਾਗਾਂ ਨੂੰ ਕਈ ਵਾਰ ਪੱਤਰ ਲਿਖ ਚੁੱਕੇ ਹਨ, ਪਰ ਕੋਈ ਜਵਾਬ ਨਹੀਂ ਦਿੱਤਾ ਜਾ ਰਿਹਾ।

ਇਸੇ ਤਰ੍ਹਾਂ ਸ: ਕੁਲਦੀਪ ਸਿੰਘ ਹੋਸਟ ਰੇਡੀਓ ਸ਼ੇਰੇ ਪੰਜਾਬ ਨੂੰ ਵੀ ਪਹਿਲਾਂ ਦਿੱਲੀ ਏਅਰਪੋਰਟ ਤੋਂ ਮੋੜਿਆ ਗਿਆ ਪਰ ਜਦੋਂ ਉਹ ਦੁਬਾਰਾ ਮਾਣਯੋਗ ਕੌਂਸਲੇਟ ਜਨਰਲ ਦੀ ਚਿੱਠੀ ਅਤੇ ਵੀਜ਼ਾ ਲੈ ਕੇ ਗਿਆ, ਤਾਂ ਵੀ ਉਸ ਨੂੰ ਖੱਜਲ-ਖੁਆਰ ਹੋਣਾ ਪਿਆ ਤੇ ਅਦਾਲਤ ਰਾਹੀਂ ਉਸ ਨੂੰ ਆਪਣੇ ਪੁੱਤਰ ਦੇ ਵਿਆਹ ਤੱਕ ਰਹਿਣ ਦੀ ਇਜਾਜ਼ਤ ਮਿਲੀ। ਇਸੇ ਤਰ੍ਹਾਂ ਜਸਪਾਲ ਸਿੰਘ ਅਤੇ ਹਰਜੀਤ ਸਿੰਘ ਨਾਮੀ ਵਿਅਕਤੀਆਂ ਨੇ ਮੀਟਿੰਗ ਵਿਚ ਕਿਹਾ ਕਿ ਸਾਡੇ ਕੋਲ 2007 ਤੱਕ ਮਲਟੀਪਲ ਵੀਜ਼ੇ ਸਨ, ਅਸੀਂ ਇਨ੍ਹਾਂ ਵੀਜ਼ਿਆਂ 'ਤੇ ਭਾਰਤ ਕਈ ਵਾਰ ਜਾ ਵੀ ਆਏ ਹਾਂ, ਪਰ ਹੁਣ ਦੁਬਾਰਾ ਸਾਨੂੰ ਵੀਜ਼ੇ ਨਹੀਂ ਦਿੱਤੇ ਜਾ ਰਹੇ। ਉਨ੍ਹਾਂ ਕਿਹਾ ਕਿ ਅਕਾਲੀ, ਕਾਂਗਰਸੀ ਜਾਂ ਹੋਰ ਪਾਰਟੀਆਂ ਦੇ ਆਗੂ ਜੋ ਕਾਲੀਆਂ ਸੂਚੀਆਂ 'ਤੇ ਰਾਜਨੀਤੀ ਵੱਧ ਕਰਦੇ ਹਨ, ਪਰ ਸੁਹਿਰਦ ਨਹੀਂ। ਮੀਟਿੰਗ ਦੌਰਾਨ ਇਹ ਫ਼ੈਸਲਾ ਹੋਇਆ ਕਿ ਇਸ ਸੰਬੰਧੀ ਕੈਨੇਡਾ ਸਰਕਾਰ ਨਾਲ ਵੀ ਗੱਲ ਕਰਕੇ ਇਸ ਮਸਲੇ ਨੂੰ ਪਾਰਲੀਮੈਂਟ ਵਿਚ ਉਠਾਇਆ ਜਾਵੇ।

# ਜੱਥੇਦਾਰ ਨੰਦਗੜ੍ਹ, ਬਾਬਾ ਦਾਦੂਵਾਲ ਤੇ ਢੱਡਰੀਆਂ ਵਾਲਿਆਂ ਨੂੰ ਸੋਧਣ ਸੰਬੰਧੀ ਧਮਕੀ ਭਰਿਆ ਪੱਤਰ

## ☛ ਪੁਲੀਸ ਕਰ ਰਹੀ ਏ ਗੰਭੀਰਤਾ ਨਾਲ ਜਾਂਚ

ਤਲਵੰਡੀ ਸਾਬੋ-ਬੀਤੇ ਦਿਨੀਂ ਡੇਰਾ ਸਿਰਸਾ ਪ੍ਰੇਮੀਆਂ ਵੱਲੋਂ ਪੰਜਾਬ, ਹਰਿਆਣਾ 'ਚ ਕੀਤੀ ਭੰਨ-ਤੋੜ ਤੋਂ ਬਾਅਦ ਬਠਿੰਡਾ ਨੇੜਲੇ ਪਿੰਡ ਗਿੱਲ ਪੱਤੀ ਵਿਖੇ ਟਾਈਗਰ ਫੋਰਸ ਦੇ ਨਾਂ ਹੇਠ ਪ੍ਰੇਮੀਆਂ ਦੇ ਘਰਾਂ ਅੱਗੇ ਧਮਕੀ ਭਰੇ ਪੱਤਰ ਲਗਾਉਣ ਦੀਆਂ ਖ਼ਬਰਾਂ ਦੀ ਸਿਆਹੀ ਹਾਲੇ ਸੁੱਕੀ ਵੀ ਨਹੀਂ ਸੀ ਕਿ ਹੁਣ ਸਿੱਖ ਆਗੂਆਂ ਨੂੰ ਸੋਧ ਦੇਣ ਦੀਆਂ ਧਮਕੀਆਂ ਵਾਲੇ ਪੱਤਰ ਮਿਲਣ ਨਾਲ ਦੋਹਾਂ ਧਿਰਾਂ ਵਿੱਚ ਤਣਾਅ ਹੋਰ ਵੱਧ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਨੇੜਲੇ ਪਿੰਡ ਜੱਜਲ ਦੇ ਗੁਰਦੁਆਰਾ ਸਾਹਿਬ ਦੀ ਕੰਧ 'ਤੇ ਬੀਤੀ ਰਾਤ ਕੁਝ ਸ਼ਰਾਰਤੀ ਲੋਕਾਂ ਨੇ ਸਿੱਖ ਧਰਮ ਦੇ ਉੱਘੇ ਆਗੂਆਂ ਬਾਰੇ ਇੱਕ ਧਮਕੀ ਭਰਿਆ ਪੱਤਰ ਚਿਪਕਾ ਦਿੱਤਾ। ਪੱਤਰ ਵਿੱਚ ਤਖ਼ਤ ਦਮਦਮਾ ਸਾਹਿਬ ਦੇ ਜੱਥੇਦਾਰ ਬਲਵੰਤ ਸਿੰਘ ਨੰਦਗੜ੍ਹ, ਡੇਰਾ ਸਿਰਸਾ ਦੇ ਕੱਟੜ ਵਿਰੋਧੀ ਸੰਤ ਬਾਬਾ ਬਲਜੀਤ ਸਿੰਘ ਖਾਲਸਾ ਅਤੇ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੂੰ 7 ਦਿਨਾਂ ਦੇ ਅੰਦਰ-ਅੰਦਰ ਸੋਧ ਦੇਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ। ਇਸ ਬਾਰੇ ਸਭ ਤੋਂ ਪਹਿਲਾਂ ਗੁਰਬਚਨ ਸਿੰਘ ਨੂੰ ਪਤਾ ਲੱਗਾ, ਤਾਂ ਉਸ ਨੇ ਤੁਰੰਤ ਪਿੰਡ ਦੇ ਸਰਪੰਚ ਨਾਜ਼ਰ ਸਿੰਘ ਤੇ ਪੰਚਾਇਤ ਨੂੰ ਸੂਚਿਤ ਕੀਤਾ। ਮਾਹੌਲ ਵਿਗੜਣ ਦੇ ਡਰੋਂ ਪਿੰਡ ਵਾਲਿਆਂ ਨੇ ਇਹ ਪੋਸਟਰ ਉਤਾਰ ਦਿੱਤਾ ਅਤੇ ਸਿੱਖ ਆਗੂਆਂ, ਪੁਲੀਸ ਤੇ ਪ੍ਰੈੱਸ ਨੂੰ ਸੂਚਿਤ ਕੀਤਾ।



ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਐੱਸ. ਐੱਚ. ਓ. ਨਾਜ਼ਰ ਸਿੰਘ ਘਟਨਾ ਵਾਲੀ ਥਾਂ 'ਤੇ ਪਹੁੰਚੇ ਅਤੇ ਉਕਤ ਧਮਕੀ ਪੱਤਰ ਨੂੰ ਕਬਜ਼ੇ ਵਿੱਚ ਕੀਤਾ। ਇਸ ਸੰਬੰਧੀ ਪੁਲੀਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ। ਸੰਪਰਕ ਕਰਨ 'ਤੇ ਬਾਬਾ ਬਲਜੀਤ ਸਿੰਘ ਦਾਦੂ ਸਾਹਿਬ ਵਾਲਿਆਂ ਨੇ ਕਿਹਾ ਕਿ ਇਹ ਕਿਸੇ ਸ਼ਰਾਰਤੀ ਦਿਮਾਗ਼ ਦੀ ਉਪਜ ਹੈ ਅਤੇ ਅਜਿਹੀਆਂ ਕੋਝੀਆਂ ਚਾਲਾਂ ਉਨ੍ਹਾਂ ਨੂੰ ਡੇਰਾਵਾਦ ਵਿਰੁੱਧ ਸ਼ੁਰੂ ਕੀਤੇ ਸੰਘਰਸ਼ 'ਚ ਥਿੜਕਾ ਨਹੀਂ ਸਕਦੀਆਂ। ਸਿੱਖ ਸੰਗਤਾਂ ਵਿੱਚ ਇਸ ਗੱਲ ਨੂੰ ਲੈ ਕੇ ਕਾਫੀ ਰੋਸ ਪਾਇਆ ਜਾ ਰਿਹਾ ਹੈ।


ੴ ਵਾਹਿਗੁਰੂ ਜੀ ਕੀ ਫ਼ਤਹਿ ॥

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਵਿਧਾਨ ਵਿੱਚ ਸੋਧਾਂ ਲਈ ਸਿੱਖ ਸੰਗਤਾਂ ਵੱਲੋਂ ਮਿਲੇ ਸਹਿਯੋਗ ਦਾ ਪ੍ਰਬੰਧਕ ਕਮੇਟੀ ਵੱਲੋਂ

# ਹਾਰਦਿਕ ਧੰਨਵਾਦ

*ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥*

ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਸਿੱਖਾਂ ਦੀ ਭਾਰਤ ਤੋਂ ਬਾਅਦ ਸਭ ਤੋਂ ਵੱਡੀ ਅਤੇ ਜਿੰਮੇਵਾਰ ਸੰਸਥਾ ਹੈ ਜਿਸ ਦਾ ਫਰਜ਼ ਬਨਦਾ ਹੈ ਕਿ ਸਿੱਖ ਸਿਧਾਤਾਂ ਤੇ ਡਟ ਕੇ ਪਹਿਰਾ ਦੇਵੇ ਅਤੇ ਇਸ ਸੰਸਥਾਂ ਵੱਲੋਂ ਸਿੱਖੀ ਦੇ ਪ੍ਰਚਾਰ ਹਿੱਤ ਗਤੀਵਿਧੀਆਂ ਹੁੰਦੀਆਂ ਰਹਿਣ । ਸੰਗਤਾਂ ਦੇ ਸਹਿਯੋਗ ਨਾਲ ਪ੍ਰਬੰਧਕ ਕਮੇਟੀ ਵੱਲੋਂ ਅਕਤੂਬਰ 2008 ਤੋਂ ਲੈ ਕੇ ਹੁਣ ਤੱਕ ਇਹੀ ਕੋਸ਼ਿਸ਼ ਰਹੀ ਹੈ, ਕਿ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਦਿਨ ਰਾਤ ਮੇਹਨਤ ਕਰਕੇ ਕੌਮੀ ਕਾਰਜਾਂ ਨੂੰ ਸੰਗਤਾਂ ਸਾਹਮਣੇ ਲਿਆਂਦਾ ਜਾਵੇ ਅਤੇ ਕੌਮ ਦੀ ਚੜ੍ਹਦੀ ਕਲਾ ਲਈ ਇਸ ਸੰਸਥਾ ਨੂੰ ਨਿਰੋਲ ਸਿੱਖ ਸੰਸਥਾ ਹੀ ਰੱਖਿਆ ਜਾਵੇ। ਬੀਤੇ ਦਿਨੀ ਅਖਬਾਰਾਂ ਰਾਹੀਂ ਆਪ ਸੰਗਤਾਂ ਪੜ੍ਹ ਚੁੱਕੇ ਹੋ ਅਤੇ ਸਭਾ ਦੀਆਂ ਸਟੇਜ਼ਾਂ ਤੋਂ ਵੀ ਕਮੇਟੀ ਦੀਆਂ ਪ੍ਰਾਪਤੀਆਂ ਬਾਰੇ ਸੁਣ ਚੁੱਕੇ ਹੋ। ਲੇਕਨ ਇਸ ਕਮੇਟੀ ਵੱਲੋਂ ਜੋ ਵਾਅਦਾ ਸੰਗਤਾਂ ਨਾਲ ਵਿਧਾਨ ਵਿੱਚ ਤਰਮੀਮ ਕਰਨ ਦਾ ਕੀਤਾ ਗਿਆ ਸੀ, ਉਸ ਲਈ ਆਪ ਸੰਗਤਾਂ ਨੇ 7 ਮਾਰਚ 2010 ਦਿਨ ਐਤਵਾਰ ਨੂੰ ਵੋਟਾਂ ਰਾਹੀਂ ਭਾਰੀ ਉਤਸ਼ਾਹ ਨਾਲ ਹੁੰਗਾਰਾ ਭਰਦਿਆਂ ਕਮੇਟੀ ਦੀ ਕਾਰਗੁਜ਼ਾਰੀ ਵਿੱਚ ਭਰੋਸਾ ਜਿਤਾਇਆ ਹੈ। ਜਿਸ ਲਈ ਅਸੀਂ ਸਮੂੰਹ ਸੰਗਤਾਂ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ। ਭਾਵੇਂ ਬਤੌਰ ਪ੍ਰਬੰਧਕ ਕਮੇਟੀ ਦੇ ਅਸੀਂ ਆਪ ਸੰਗਤਾਂ ਦੇ ਸਹਿਯੋਗ ਨਾਲ ਕੀਤੇ ਵਾਅਦੇ ਹੌਲੀ ਹੌਲੀ ਪੂਰੇ ਕੀਤੇ ਹਨ। ਲੇਕਨ ਹੁਣ ਆਪ ਸੰਗਤਾਂ ਦੇ ਸਹਿਯੋਗ ਨਾਲ ਰਹਿੰਦੇ ਬਾਕੀ ਸਮੇਂ ਵਿੱਚ ਸਕੂਲ ਦਾ ਪ੍ਰਾਜੈਕਟ ਵੇਲੇ ਸਿਰ ਨੇਪਰੇ ਚਾੜਨਾ ਚਾਹੁੰਦੇ ਹਾਂ। ਆਸ ਹੈ ਕਿ ਸਮੂੰਹ ਸੰਗਤਾਂ ਇਸੇ ਤਰ੍ਹਾਂ ਸਹਿਯੋਗ ਦਿੰਦੀਆਂ ਰਹਿਣਗੀਆਂ ।



ਅਤਿ ਮੁਸ਼ਕਿਲਾਂ ਦੇ ਦੌਰ ਵਿਚੋਂ ਗੁਰਜ਼ਰਦੇ ਹੋਏ ਵੀ ਵਾਹਿਗੁਰੂ ਦੀ ਅਪਾਰ ਬਖਸ਼ਿਸ਼ ਸਦਕਾ ਹੁਣ ਤੱਕ ਹੋਈਆਂ ਸਾਰੀਆਂ ਜਨਰਲ ਬਾਡੀ ਦੀਆਂ ਮੀਟਿੰਗਾਂ ਗੁਰਦੁਆਰਾ ਪਾਰਕ ਐਵੇਨਿਊ ਵਿਖੇ ਹੋਈਆਂ ਅਤੇ ਬਿਨ੍ਹਾਂ ਕਿਸੇ ਲੜਾਈ ਝਗੜੇ ਦੇ ਸ਼ਾਂਤੀ ਪੂਰਵਕ ਹੋਈਆਂ ਜਿਸ ਲਈ ਅਸੀਂ ਸੰਗਤਾਂ ਦਾ ਧੰਨਵਾਦ ਕਰਨਾ ਚਾਹੁੰਦੇ ਹਾਂ ਜਿਹਨਾਂ ਨੇ ਮਾਹੌਲ ਸੁਖਾਵਾਂ ਬਣਾਈ ਰੱਖਣ ਵਿੱਚ ਪ੍ਰਬੰਧ ਦੀ ਮਦਦ ਕੀਤੀ।

# GURDWARA SRI GURU SINGH SABHA SOUTHALL

| 2-8 Park Avenue, Southall, Middlesex, UB1 3AG | Havelock Road Southall, Middlesex, UB2 4NP. |
|---|---|
| Tel: 020 8574 8901, Fax: 020 8574 8902 | Tel: 020 8574 8901, 8574 8476 Fax: 020 85748902 |

ਬੇਨਤੀ ਕਰਤਾ : ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਪ੍ਰਬੰਧਕ ਕਮੇਟੀ ਅਤੇ ਟਰੱਸਟੀ